ਨੰਬਰ: 1164 /ਅਜੰਡਾ ਮਿਤੀ: 5-8-2022

**ਵਿਸ਼ਾ:- ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਸਬੰਧੀ ਨੋਟਿਸ।**

ਮਾਨਯੋਗ ਮੇਅਰ ਜੀ ਦੇ ਆਦੇਸ਼ਾ ਅਨੁਸਾਰ, ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ **8.8.2022 ਨੂੰ ਸਮਾਂ** 3:00 **ਵਜੇ ਬਾਅਦ ਦੁਪਹਿਰ ਨੂੰ ਮੇਅਰ ਜੀ ਦੇ ਦਫਤਰ ਦੇ ਮੀਟਿੰਗ ਹਾਲ 'ਡਾ. ਬੀ. ਆਰ. ਅੰਬੇਡਕਰ ਪ੍ਰਸ਼ਾਸਨਿਕ ਕੰਪਲੈਕਸ',** ਨਹਿਰੂ ਗਾਰਡਨ, ਨਗਰ ਨਿਗਮ, ਜਲੰਧਰ ਵਿਖੇ ਹੋਵੇਗੀ। ਮੀਟਿੰਗ ਦਾ ਅਜੰਡਾ (ਜਿਸ ਵਿਚ ਮੱਦ ਨੰ: **296 ਤੋਂ 304 ਤੱਕ**) ਆਪ ਜੀ ਨੂੰ ਭੇਜਿਆ ਜਾਂਦਾ ਹੈ ਜੀ।

ਉਕਤ ਮੀਟਿੰਗ ਵਿਚ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

1. ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ਮੈਂਬਰ
2. ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ, ਮੈਂਬਰ
3. ਸ੍ਰੀ ਗਿਆਨ ਚੰਦ, ਕੌਂਸਲਰ, ਮੈਂਬਰ
4. ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ, ਮੈਬਰ

ਸੁਪਰਡੰਟ ਅਜੰਡਾ
ਨਗਰ ਨਿਗਮ, ਜਲੰਧਰ

ਪਿੱਠ ਅੰਕਣ ਨੰ: 1165 /ਅਜੰਡਾ ਮਿਤੀ: 5-8-2022

ਉਪਰੋਕਤ ਦਾ ਇਕ ਉਤਾਰਾ ਮਾਨਯੋਗ ਮੇਅਰ/ ਕਮਿਸ਼ਨਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ ਅਜੰਡਾ
ਨਗਰ ਨਿਗਮ, ਜਲੰਧਰ

ਪਿੱਠ ਅੰਕਣ ਨੰ: 1166 /ਅਜੰਡਾ ਮਿਤੀ: 5-8-2022

ਉਪਰੋਕਤ ਦਾ ਇਕ ਉਤਾਰਾ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਉਪਰੋਕਤ ਮੀਟਿੰਗ ਵਿਚ ਸ਼ਾਮਲ ਹੋਣ ਹਿੱਤ ਭੇਜਿਆ ਜਾਂਦਾ ਹੈ ਜੀ।

ਸੁਪਰਡੰਟ ਅਜੰਡਾ
ਨਗਰ ਨਿਗਮ, ਜਲੰਧਰ

ਮਤਾ ਨੰਬਰ:-296

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 28.6.2022 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 28.6.2022 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ।

ਮਤਾ ਨੰਬਰ:-297

ਵਿਸ਼ਾ: Renovation of Shri Valmiki Ashram in Ward No. 49 ( MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 39.83 ਲੱਖ ਟੈਂਡਰ ਅਮਾਉਂਟ ਰੁ: 39.82 ਲੱਖ ਸੇਵਿੰਗ: 0.02%
ਫਰਮ ਦਾ ਨਾਂ:- ਅਕਾਸ਼ ਗੋਰਮਿੰਟ ਕੰਟਰੈਕਟਰ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 02

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ। ਜਿਸ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 45(11) ਮਿਤੀ 8.6.2022 ਨੂੰ ਪ੍ਰਵਾਨ ਕੀਤਾ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਦਫ਼ਤਰੀ ਰਿਪੋਰਟ ਤੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 28.7.2022 ਰਾਹੀਂ ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਟੈਂਡਰ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ।

ਮਤਾ ਨੰਬਰ:-298

ਵਿਸ਼ਾ:- Providing and Laying of 80mm GI Water supply line at Jaina Nagar. Ward No. 39 (ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ 1,36,665/- | | |
| ਟੈਂਡਰ ਅਮਾਉਂਟ | ਰੁਪਏ 1,32,565/- | Saving 3.00% | |
| ਫਰਮ ਦਾ ਨਾ | S. Swaran Singh Cont. | | |
| ਟੈਂਡਰ ਕਾਲ ਕੀਤੇ:- | ਦੂਜੀ Attempt | | ਪ੍ਰਾਪਤ ਹੋਏ ਟੈਂਡਰ-1 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਅਪਣੇ ਹੁਕਮ ਮਿਤੀ 14.12.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਭ ਤੋ ਘੱਟ ਪਾਇਆ ਗਿਆ। ਇਸ ਤਖਮੀਨੇ ਦੀ ਅੰਤਿਮ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 50(29) ਮਿਤੀ 8.6.2022 ਰਾਹੀਂ ਦਿੱਤੀ। ਇਸ ਲਈ ਇਸ ਕੰਮ ਦੇ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.7.2022 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਮਤਾ ਨੰਬਰ:-299

ਵਿਸ਼ਾ:- ਬਸਤੀਆਂ ਰੋਡ ਤੇ ਝੰਡੀਆਂ ਵਾਲਾ ਪੀਰ ਵਿਖੇ ਚੌਕ ਵਿੱਚ ਟਰੈਫਿਕ ਸਿਗਨਲ ਲਾਇਟਾਂ ਦੇ ਤਖਮੀਨੇ ਵਿੱਚ 25% ਵਾਧਾ ਕਰਨ ਉਪਰੰਤ ਜੇ.ਪੀ ਨਗਰ ਨੇੜੇ ਗੁਰੂ ਦੁਆਰਾ ਸਾਹਿਬ ਵਾਲਾ ਚੌਕ ਵਿਖੇ ਨਵੀਆਂ ਟਰੈਫਿਕ ਸਿਗਨਲ ਲਾਇਟਾਂ ਲਗਾਉਣ ਬਾਰੇ।

ਤਖਮੀਨਾ ਰੁਪਏ 9,86,370/- (1st R/B paid to Cont. Rs. 702065/-)
ਰਿਵਾਇਜ਼ ਤਖਮੀਨਾ ਰੁਪਏ 12,41,299/-
ਅਜੰਸੀ ਦਾ ਨਾਮ:- ਮੈ: ਆਰ.ਆਰ ਇਲੈਕਟੋਨਿਕਸ ਚੰਡੀਗੜ੍ਹ।

ਮਾਨਯੋਗ ਮੇਅਰ ਜੀ ਦੇ ਹੁਕਮ ਅਨੁਸਾਰ ਵਿਸ਼ੇ ਅਧੀਨ ਚੌਕ ਵਿਖੇ ਟਰੈਫਿਕ ਸਿਗਨਲ ਲਗਾਉਣ ਲਈ ਮੋਕੇ ਦਾ ਸਰਵੇ ਕਰਵਾਉਣ ਉਪਰੰਤ ਟਰੈਫਿਕ ਸਿਗਨਲ ਲਗਾਉਣ ਲਈ ਰੁਪਏ 9,86,370/- ਦਾ ਤਖਮੀਨਾ ਤਿਆਰ ਕੀਤਾ ਗਿਆ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 86(2) ਮਿਤੀ 29.11.19 ਰਾਹੀਂ ਦਿੱਤੀ। ਇਹਨਾ ਹੁਕਮਾ ਅਨੁਸਾਰ ਇਸ ਕੰਮ ਦੇ ਟੈਂਡਰ ਅਜੰਸੀਆਂ ਤੋ ਮੰਗੇ ਗਏ ਮਿਥੇ ਸਮੇ ਤੇ ਕੁੱਲ 3 ਟੈਂਡਰ ਪ੍ਰਾਪਤ ਹੋਏ, ਜੋ ਕਿ ਤਕਨੀਕੀ ਬਿਡਾਂ ਮਿਆਰ ਪੱਖੋ ਪੂਰੀਆਂ ਹੋਣ ਕਾਰਨ ਅਤੇ ਵਿੱਤੀ ਅਤੇ ਠੇਕਾ ਕਮੇਟੀ ਵੱਲੋਂ ਅਪਣੇ ਮਤਾ ਨੰ: 223 ਮਿਤੀ 02.10.2020 ਰਾਹੀਂ ਟੈਂਡਰ ਦੀ ਪ੍ਰਵਾਨਗੀ ਦਿੱਤੀ। ਇਸ ਨੂੰ ਮੁੱਖ ਰੱਖਦੇ ਹੋਏ ਮੈ: ਆਰ.ਆਰ ਇਲੈਕਟੋਨਿਕਸ ਚੰਡੀਗੜ੍ਹ ਨੂੰ ਇਕਰਾਰ ਨਾਮਾ ਅਤੇ ਵਰਕ ਆਰਡਰ ਨੰਬਰ:ਸੀ.ਈ/310 ਮਿਤੀ 09-**10-2020** ਜਾਰੀ ਕੀਤਾ ਗਿਆ ਅਤੇ ਕੰਮ ਮੁਕੰਮਲ ਕਰਨ ਲਈ 2 ਮਹੀਨੇ ਦਾ ਸਮਾਂ ਦਿੱਤਾ ਗਿਆ। ਅਜੰਸੀ ਵੱਲੋਂ ਕਾਫੀ ਕੰਮ ਐਨ.ਆਈ.ਟੀ ਦੀਆਂ ਸਪੈਸੀਫਿਕੇਸ਼ਨਾਂ ਅਨੁਸਾਰ ਪ੍ਰਵਾਨਿਤ ਰੇਟਾਂ ਤੇ ਮੁਕੰਮਲ ਕਰਨ ਉਪਰੰਤ ਅਪਣਾ ਪਹਿਲਾ ਚਲੰਤ ਬਿੱਲ ਰੁਪਏ 7,02,065/- ਦੀ ਅਦਾਇਗੀ ਐਮ.ਬੀ ਨੰ: 700 ਦੇ ਪੰਨਾ ਨੰ: 88 ਤੋ 94 ਤੱਕ ਕਰਕੇ ਲੈ ਲਈ ਗਈ ਸੀ।

ਹੁਣ ਇਥੇ ਇਹ ਦਸਣਯੋਗ ਹੈ ਕਿ ਜੇ.ਪੀ ਨਗਰ, ਹਰਬੰਸ ਨਗਰ ਅਤੇ ਨਾਲ ਲਗਦੇ ਇਲਾਕਾ ਨਿਵਾਸੀਆਂ ਵੱਲੋਂ ਮਾਨਯੋਗ ਮੇਅਰ ਜੀ ਨੂੰ ਜੇ.ਪੀ ਨਗਰ ਨੇੜੇ ਗੁਰੂ ਦੁਆਰਾ ਸਾਹਿਬ ਵਾਲੇ ਚੌਕ ਵਿਖੇ ਟਰੈਫਿਕ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਇਥੇ ਵੀ ਟਰੈਫਿਕ ਲਾਇਟਾ ਲਗਾਉਣ ਬਾਬਤ ਕਿਹਾ ਹੈ। ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਮੇਅਰ ਜੀ ਦੇ ਜੁਬਾਨੀ ਹੁਕਮਾਂ ਅਨੁਸਾਰ ਬਸਤੀਆਂ ਰੋਡ ਤੇ ਝੰਡੀਆਂ ਵਾਲਾ ਪੀਰ ਵਿਖੇ ਚੌਕ ਵਿੱਚ ਟਰੈਫਿਕ ਸਿਗਨਲ ਲਾਇਟਾਂ ਦਾ ਜੋ ਤਖਮੀਨਾ ਤਿਆਰ ਕੀਤਾ ਗਿਆ ਸੀ, ਉਸ ਨੂੰ ਰਿਵਾਇਜ਼ ਕੀਤਾ ਗਿਆ ਹੈ ਜੋ ਕਿ ਰੁਪਏ 12,41,299/- ਦਾ ਬਣਦਾ ਹੈ। ਇਸ ਰਿਵਾਇਜ਼ ਤਖਮੀਨੇ ਅਨੁਸਾਰ ਜੇ.ਪੀ ਨਗਰ ਨੇੜੇ ਗੁਰੂ ਦੁਆਰਾ ਸਾਹਿਬ ਵਾਲੇ ਚੌਕ ਵਿਖੇ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਨਵੀਆਂ ਟਰੈਫਿਕ ਲਾਇਟਾਂ ਲਗਾਈਆ ਜਾ ਸਕਦੀਆਂ ਹਨ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਪਹਿਲਾ ਤੋ ਪ੍ਰਵਾਨ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 86(2) ਮਿਤੀ 29.11.19 ਰਾਹੀਂ ਤਖਮੀਨਾ ਰੁਪਏ 9,86,370/- ਨੂੰ ਰਿਵਾਇਜ਼ ਕਰਨ ਉਪਰੰਤ ਤਖਮੀਨਾ ਰੁਪਏ 12,41,299/- ਜੋ ਕਿ 25% ਵੇਰੀਏਸ਼ਨ ਵਿੱਚ ਆਉਂਦਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਜੇ.ਪੀ ਨਗਰ ਨੇੜੇ ਗੁਰੂ ਦੁਆਰਾ ਸਾਹਿਬ ਵਾਲੇ ਚੌਕ ਵਿਖੇ ਨਵੀਆਂ ਟਰੈਫਿਕ ਸਿਗਨਲ ਲਾਇਟਾਂ ਲਗਾਉਣ ਵਾਸਤੇ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਟੈਂਡਰ ਨੂੰ ਰਿਵਾਜਇਜ ਕਰਨ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.7.2022 ਨਾਲ ਤਖਮੀਨਾ ਰਿਵਾਇਜ਼ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਮਤਾ ਨੰਬਰ:-300

ਵਿਸ਼ਾ:- 1. ਓਪਰੇਸ਼ਨ, ਮੇਨਟੀਨੈਂਸ ਐਂਡ ਇਲੈਕਟ੍ਰਿਕਲ ਰਿਪੇਅਰ ਆਫ 108 ਨੰਬਰ ਟਿਊਬਵੈਲਜ ਵਿਦ ਟਾਇਮ ਸਵਿਚ ਫਾਲਿੰਗ ਇਨ ਜ਼ੋਨ ਨੰਬਰ 4 ਬਸਤੀ ਸ਼ੇਖ ਫਾਰ 2 ਯੀਅਰ ਸਬੰਧੀ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਪ੍ਰਵਾਨਗੀ ਦੇਣ ਬਾਰੇ। (ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ: 1,57,37,424/- ਵੈਟਿਡ ਤਖ਼ਮੀਨਾ: 1,38,97,175/-
ਟੈਂਡਰ ਅਮਾਊਂਟ ਰੁ: 1,05,43,850/-
ਫਰਮ ਦਾ ਨਾਂ:- M/s SKE Engineers ਹਾਊਸ ਦਾ ਮਤਾ ਨੰ: 129(15) ਮਿਤੀ 28.10.21
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

2. ਓਪਰੇਸ਼ਨ, ਮੇਨਟੀਨੈਂਸ ਐਂਡ ਇਲੈਕਟ੍ਰਿਕਲ ਰਿਪੇਅਰ ਆਫ 94 ਨੰਬਰ ਟਿਊਬਵੈਲਜ ਵਿਦ ਟਾਇਮ ਸਵਿਚ ਫਾਲਿੰਗ ਇਨ ਜ਼ੋਨ ਨੰਬਰ 3 ਮਿਨੀ ਲਾਲ ਰਤਨ ਫਾਰ 2 ਯੀਅਰ ਸਬੰਧੀ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਪ੍ਰਵਾਨਗੀ ਦੇਣ ਬਾਰੇ। (ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ: 1,20,03,120/- ਵੈਟਿਡ ਤਖ਼ਮੀਨਾ: 1,18,04,094/-
ਟੈਂਡਰ ਅਮਾਊਂਟ ਰੁ: 89,79,390/-
ਫਰਮ ਦਾ ਨਾਂ:- M/s SKE Engineers ਹਾਊਸ ਦਾ ਮਤਾ ਨੰ: 129(14) ਮਿਤੀ 28.10.21
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

3. ਓਪਰੇਸ਼ਨ, ਮੇਨਟੀਨੈਂਸ ਐਂਡ ਇਲੈਕਟ੍ਰਿਕਲ ਰਿਪੇਅਰ ਆਫ 74 ਨੰਬਰ ਟਿਊਬਵੈਲਜ ਵਿਦ ਟਾਇਮ ਸਵਿਚ ਫਾਲਿੰਗ ਇਨ ਜ਼ੋਨ ਨੰਬਰ 2 ਦਾਦਾ ਕਲੋਨੀ ਫਾਰ 2 ਯੀਅਰ ਸਬੰਧੀ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਪ੍ਰਵਾਨਗੀ ਦੇਣ ਬਾਰੇ। (ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ: 1,05,36,072/- ਵੈਟਿਡ ਤਖ਼ਮੀਨਾ: 96,47,294/-
ਟੈਂਡਰ ਅਮਾਊਂਟ ਰੁ: 73,80,522/-
ਫਰਮ ਦਾ ਨਾਂ:- M/s SKE Engineers ਹਾਊਸ ਦਾ ਮਤਾ ਨੰ: 129(13) ਮਿਤੀ 28.10.21
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

ਕਿਉਂ ਜੋ ਸਥਾਨਕ ਸਰਕਾਰ, ਪੰਜਾਬ ਦੀਆਂ SOP ਦੀਆਂ ਸ਼ਰਤਾਂ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਦਿੱਤੀ ਜਾਂਦੀ ਹੈ, ਇਸ ਲਈ ਉਪਰਕੋਤ ਕੰਮਾਂ ਦੇ ਪ੍ਰਾਪਤ ਹੋਏ ਟੈਂਡਰਾਂ ਦੀ ਵਿੱਤੀ ਪ੍ਰਵਾਨਗੀ ਲਈ ਇਸ ਦਫਤਰ ਦੇ ਵੱਖ ਵੱਖ ਪੱਤਰਾਂ ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਲਿਖਿਆ ਗਿਆ ਸੀ। ਹੁਣ ਚੀਫ ਇੰਜੀਨੀਅਰ ਜੀ ਵਲੋਂ ਆਪਣੇ ਵੱਖ ਵੱਖ ਪੱਤਰਾਂ ਰਾਹੀਂ ਇਹਨਾਂ ਕੰਮਾਂ ਦੇ ਪ੍ਰਾਪਤ ਹੋਏ ਟੈਂਡਰਾਂ ਦੀ ਵਿੱਤੀ ਪ੍ਰਵਾਨਗੀ ਦਿੱਤੀ ਗਈ ਹੈ। ਕਿਉਂ ਜੋ ਇਹਨਾਂ ਟੈਂਡਰਾਂ ਦੀ ਅੰਤਿਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਿਚੋਂ ਲੋੜੀਂਦੀ ਹੈ, ਇਸ ਲਈ ਕੇਸ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਹਨਾਂ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਵਲੋਂ ਆਪਣੇ ਦਫ਼ਤਰੀ ਪੱਤਰ ਨੰ: **ਡੀ/418/ਮੇਅਰ ਮਿਤੀ 30.06.2022 ਦੀ ਲਗਾਤਾਰਤਾ ਵਿੱਚ ਲਿਖਿਆ ਹੈ ਕਿ:**

ਓਕੱਤ ਵਿਸ਼ੇਆਂ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਹੇਠ ਲਿਖੇ ਪੁਆਇੰਟਸ ਦਾ ਸਪਸ਼ਟੀਕਰਨ ਇਸ ਯਾਦ ਪੱਤਰ-1 ਅਧੀਂਨ ਦੇਣ ਦੀ ਵੀ ਖੇਚਲ ਕੀਤੀ ਜਾਵੇ ਤਾਂ ਜੋ ਇਸ ਦੀ ਪ੍ਰਵਾਨਗੀ ਜਲਦ ਤੋਂ ਜਲਦ ਦਿੱਤੀ ਜਾਵੇ ਤਾ ਜੋ ਉਕੱਤ ਦਰਸ਼ਾਏ ਜੋਨ ਵਾਇਜ ਟਿਊਬਲਾਂ ਦੀ ਓਪਰੇਸ਼ਨ, ਮੇਨਟੀਨੈਂਸ ਐਂਡ ਇਲੈਕਟ੍ਰਿਕਲ ਰਿਪੇਅਰ ਵਿੱਚ ਕੋਈ ਔਕੜ ਨਾ ਆਵੇ ਅਤੇ ਪਬਲਿਕ ਨੂੰ ਪਾਣੀ ਦੀ ਸਪਲਾਈ ਵਿੱਚ ਕੋਈ ਵੀ ਪ੍ਰੇਸ਼ਾਨੀ ਨਾ ਆਵੇ।ਇਸ ਤੋਂ ਇਲਾਵਾ ਆਪ ਨੂੰ ਜੋ ਜੋਨ ਨੰ 2 ਅਤੇ ਜੋਨ ਨੰ 3 ਦੀਆਂ ਫਾਇਲਾਂ ਹਵਾਲੇ ਅਧੀਨ ਪੱਤਰ ਰਾਹੀਂ ਮਿਤੀ 30.06.2022 ਨੂੰ ਭੇਜਿਆਂ ਗਈਆਂ ਸੀ ਵੀ ਬਿਨਾ ਕਿਸੇ ਨੋਟ/ਸਪਸ਼ਟੀਕਰਨ ਦੇ ਨਿਮਨਸਹੀਕਾਰ ਨੂੰ ਵਾਪਸ ਭੇਜ ਦਿੱਤੀਆਂ ਗਈਆਂ ਅਤੇ ਜੋਨ ਨੰ 4 ਦੀ ਫਾਇਲ ਦਾ ਵੀ ਨਾ ਕੋਈ ਸਪਸ਼ਟੀਕਰਨ ਆਇਆ ਅਤੇ ਨਾ ਹੀ ਕੋਈ ਫਾਇਲ ਇਸ ਦਫਤਰ ਵਿੱਚ ਭੇਜੀ ਗਈ:

ਨਾਲ ਨੱਥੀ ਤਖਮੀਨੇਆਂ ਨੂੰ ਵਾਚਣ ਉਪਰੰਤ ਇਹ ਵੇਖਿਆ ਗਿਆ ਕਿ ਟਿਊਬਲ ਦੀ ਦੇਖਭਾਲ ਲਈ Semi-Skilled ਲੇਬਰ ਰੱਖਣ ਦਾ ਇੰਦਰਾਜ ਕੀਤਾ ਹੋਇਆ ਹੈ ਅਤੇ ਇਨ੍ਹਾਂ ਨੂੰ ਮਿਨੀਮਮ ਵੇਜਸ ਅਨੁਸਾਰ 01.09.2019 , ਲੇਬਰ ਵਿਭਾਗ ਵੱਲੋਂ ਜਾਰੀ ਕੀਤੀ ਗਈ ਅਧਿਸੂਚਣਾ ਅਨੁਸਾਰ ਅਦਾਇਗੀ ਦੇਣ ਦਾ ਇੰਦਰਾਜ ਹੈ।

ਲੇਬਰ ਵਿਭਾਗ ਵੱਲੋਂ ਅਧਿਸੂਚਣਾ ਨੰ ਐਸ.ਟੀ/17065 ਮਿਤੀ 30.11.2021 ਅਨੁਸਾਰ Semi-Skilled ਲੇਬਰ ਲਈ ਮਿਨੀਮਮ ਵੇਜਸ ਰੁ:9961.71/- ਦੇਣੀ ਤੇਅ ਕੀਤੀ ਗਈ ਹੈ। ਜੱਦ ਕਿ ਤਖਮੀਨੇ ਵਿੱਚ ਮਿਨੀਮਮ ਵੇਜਸ ਫਾਰ Semi-Skilled ਲੇਬਰ ਰੁ:9556.83/- ਦਾ ਇੰਦਰਾਜ ਹੈ।

ਉਪਰੋਕਤ ਅਨੁਸਾਰ ਦੱਸਣ ਦੀ ਖੇਚਲ ਕੀਤੀ ਜਾਵੇ ਕਿ ਠੇਕੇਦਾਰ ਵੱਲੋਂ 30.11.2021 ਨੂੰ ਨਿਰਧਾਰਤ ਕੀਤੀ ਗਈ ਮਿਨੀਮਮ ਵੇਜਸ ਅਨੁਸਾਰ ਅਦਾਇਗੀ ਕੀਤੀ ਜਾਵੇਗੀ?

1. **ਜੋਨ ਨੰ 4:**

ਫਾਇਲ ਵਿੱਚ ਦਰਜ ਦਸਤਾਵੇਜ, ਹਾਊਸ ਦੀ ਪੂਰਨ ਪ੍ਰਵਾਨਗੀ ਮਿਤੀ 19.08.2021 ਅਨੁਸਾਰ ਜੋਨ ਨੰ 4 ਦੇ 118 ਟਿਊਬਲਾਂ ਦੀ ਦੇਖਭਾਲ ਲਈ ਤਖਮੀਨਾ ਰੁ:15737424/- ਨਗਰ ਨਿਗਮ ਵੱਲੋਂ ਤਿਆਰ ਕੀਤਾ ਗਿਆ ਸੀ। ਇਸ ਉਪਰੰਤ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵੱਲੋਂ ਇਸ ਤਖਮੀਨੇ ਦੀ ਤਕਨੀਕੀ ਸੋਧ ਰੁ:13897175/- ਮਿਤੀ 04.08.2021 ਨੂੰ ਕੀਤੀ ਗਈ ਦਰਸ਼ਾਈ ਗਈ ਹੈ।ਇਸ ਉਪਰੰਤ ਇਸ ਦੀ ਹਾਊਸ ਦੀ ਪ੍ਰਵਾਨਗੀ ਮਤਾ ਨੰ 129 ਮਿਤੀ 28.10.2021 ਰਾਹੀਂ ਲਿੱਤੀ ਗਈ ਹੈ। ਇਹ ਤਖਮੀਨਾ 118 ਟਿਊਬਲਾਂ ਨਾਲ ਸਬੰਧਤ ਹੈ। ਇਸ ਕੰਮ ਦੇ ਜਿਹੜੇ ਟੈਂਡਰ ਮੰਗੇ ਗਏ ਸਨ ਉਸ ਵਿੱਚ 108 ਟਿਊਬਲ ਦਰਸ਼ਾਏ ਗਏ ਹਨ ਅਤੇ ਉਸ ਦੀ ਲਾਗਤ ਜੋ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵੱਲੋਂ ਅਤੇ ਹਾਊਸ ਵੱਲੋਂ 118 ਟਿਊਬਲ ਹੀ ਪ੍ਰਵਾਨ ਕੀਤੇ ਗਏ ਸੀ ਉਹੀ ਦਰਸ਼ਾਏ ਗਏ ਹਨ। ਇਹ ਕਿਵੇਂ ਹੋ ਸਕਦਾ ਹੈ ਕਿ 108 ਟਿਊਬਲਾਂ ਦੀ ਵੀ ਲਾਗਤ 118 ਟਿਊਬਲਾਂ ਦੇ ਬਰਾਬਰ ਹੋਵੇ। ਇਸ ਬਾਰੇ ਰਿਪੋਰਟ ਪੇਸ਼ ਕੀਤੀ ਜਾਵੇ।

ਫਾਇਲ ਵਿੱਚ ਨੱਥੀ ਤਖਮੀਨੇ ਜਿਸ ਦੀ 118 ਟਿਊਬਲਾਂ ਨੂੰ ਚਲਾਉਣ ਦੀ ਦੇਖਭਾਲ ਲਈ ਟਾਇਮਰ ਦਾ ਇੰਦਰਾਜ ਕੀਤਾ ਗਿਆ ਹੈ ਜਿਸ ਦੀ ਲਾਗਤ 1450/- ਪ੍ਰਤੀ ਟਿਊਬਲ ਦਰਸ਼ਾਈ ਗਈ ਹੈ।ਹਾਊਸ ਦੀ ਪੂਰਨ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਿਤ ਮਤਾ ਵਿੱਚ ਇਹ ਰਕਮ ਰੁ:15737424/- 118 ਟਿਊਬਲਾਂ ਦੀ ਦਰਸ਼ਾਈ ਗਈ ਹੈ ਅਤੇ ਇਸ ਦੀ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵੱਲੋਂ ਕੀਤੀ ਗਈ ਸੋਧ ਰੁ:13897175/- ਦਰਸ਼ਾਈ ਗਈ ਹੈ। ਰੁ:13897175/- ਦੀ bifurcation ਵਿੱਚ ਟਾਇਮਰ ਦੀ ਜਗ੍ਹਾ Semi Skilled Labour ਰੱਖਣ ਦਾ ਇੰਦਰਾਜ ਕੀਤਾ ਗਿਆ ਹੈ ਅਤੇ ਜੋਨ ਨੰ 4 ਦੇ ਟਿਊਬਲਾਂ ਲਈ 21 Semi Skilled Labour ਰੱਖਣ ਦਾ ਇੰਦਰਾਜ ਦਿਖਾਇਆ ਗਿਆ ਹੈ ਅਤੇ ਓ.ਐਂਡ.ਐਮ ਦੀ ਰਕਮ ਜਿਹੜਾ ਪਹਿਲਾ ਤਖਮੀਨਾ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਨੂੰ ਸੋਧ ਲਈ ਭੇਜਿਆ ਗਿਆ ਸੀ ਉਸ ਵਿੱਚ ਰੁ:3260/- ਲਏ ਗਏ ਹਨ ਅਤੇ ਇਸ ਨੂੰ ਸੋਧ ਕਰਕੇ ਰੁ:2337/- ਕਰ ਦਿੱਤਾ ਗਿਆ ਹੈ। ਹੇਠ ਲਿਖੇ ਅਨੁਸਾਰ ਇਹ ਦੱਸਣ ਦੀ ਖੇਚਲ ਕੀਤੀ ਜਾਵੇ ਕਿ:

(ੳ) Semi Skilled Labour ਦਾ ਇੰਦਰਾਜ ਮੁੱਖ ਇੰਜੀਨੀਅਰ ਵੱਲੋਂ ਤਕਨੀਕੀ ਪ੍ਰਵਾਨਗੀ ਦੇਣ ਵੇਲੇ ਕੀਤਾ ਗਿਆ ਹੈ?

(ਅ) ਉਪਰੋਕਤ ਦਰਸ਼ਾਏ ਗਏ ਤੱਥਾਂ ਅਨੁਸਾਰ ਕਿ 118 ਟਿਊਬਲਾਂ ਤੋਂ 108 ਟਿਊਬਲ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵੱਲੋਂ ਤਕਨੀਕੀ ਪ੍ਰਵਾਨਗੀ ਦੇਣ ਸਮੇਂ ਕੀਤਾ ਗਿਆ ਹੈ?

**ਜੋਨ ਨੰ 3:**

ਫਾਇਲ ਵਿੱਚ ਦਰਜ ਦਸਤਾਵੇਜ ਘੋਖਣ ਉਪਰੰਤ ਇਹ ਪਾਇਆ ਗਿਆ ਕਿ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਨੂੰ ਤਕਨੀਕੀ ਪ੍ਰਵਾਨਗੀ ਲਈ ਜੋਨ ਨੰ 3 ਦੇ 90 ਟਿਊਬਲਾਂ ਦੀ ਓ.ਐਂਡ.ਐਮ ਦੀ ਦੇਖਭਾਲ ਦਾ ਤਖਮੀਨਾ ਰੁ:12003120/- ਇਸ ਦਫਤਰ ਦੇ ਪੱਤਰ ਨੰ 47/ਸੀ.ਈ/ਡਬਲਯੂ.ਐਸ/ਜੀ ਮਿਤੀ 28.05.2021 ਰਾਹੀਂ ਭੇਜਿਆ ਗਿਆ। ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵੱਲੋਂ ਇਸ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਆਪਣੇ ਪੱਤਰ ਨੰ ਸੀ.ਈ/31353 ਮਿਤੀ 04.08.2021 ਰਾਹੀਂ ਦਿੱਤੀ ਗਈ। ਸੋਧੀ ਰਕਮ ਰੁ:12003120/- ਦੇ ਵਿਰੁੱਧ ਰੁ:11804094/- ਪ੍ਰਵਾਨ ਕੀਤਾ ਗਿਆ। ਇਸ ਤਖਮੀਨੇ ਦੀ ਫਾਇਲ ਵਿਚ ਨੱਥੀ Calculation Sheet ਮੁਤਾਬਿਲ ਰੁ:1450/- ਟਾਇਮਰ ਦੀ ਜਗ੍ਹਾ Semi Skilled Labour ਦਾ ਇੰਦਰਾਜ ਕੀਤਾ ਦਰਸ਼ਾਇਆ ਗਿਆ ਹੈ। ਜੋਨ ਨੰ 3 ਵਿੱਚ 18 ਲੇਬਰ ਦਾ ਇੰਦਰਾਜ ਦਰਸ਼ਾਇਆ ਗਿਆ ਹੈ ਅਤੇ ਓ.ਐਂਡ.ਐਮ ਦੇਖਭਾਲ ਦੀ ਕੋਸਟ ਜਿਹੜੀ ਰੁ:3260/- ਭੇਜੇ ਹੋਏ ਤਖਮੀਨੇ ਵਿੱਚ ਦਰਸ਼ਾਈ ਗਈ ਸੀ ਉਹ ਰੁ:2261/- ਦਿਖਾਈ ਗਈ ਹੈ ਅਤੇ 90 ਟਿਊਬਲ ਦੀ ਜਗ੍ਹਾ 94 ਟਿਊਬਲਾਂ ਦਾ ਇੰਦਰਾਜ ਦਿਖਾਇਆ ਗਿਆ ਹੈ।

ਉਪਰੋਕਤ ਸਾਰੇ ਦਸਤਾਵੇਜਾਂ ਨੂੰ ਦੇਖਦੇ ਹੋਏ ਇਹ ਨਹੀਂ ਪਤਾ ਲਗ ਰਿਹਾ ਕਿ ਟਾਇਮਰ ਦੀ ਜਗ੍ਹਾ Semi Skilled Labour ਦਾ ਇੰਦਰਾਜ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵੱਲੋਂ ਕਿਸ ਤਾਰ੍ਹਾਂ ਕੀਤਾ ਗਿਆ ਹੈ ਅਤੇ ਟਿਊਬਲਾਂ ਨੂੰ ਘਟਾਉਣ/ਵਧਾਉਣ ਦਾ ਇੰਦਰਾਜ ਵੀ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵੱਲੋਂ ਕਿਵੇਂ ਕੀਤਾ ਗਿਆ?ਜੇਕਰ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵੱਲੋਂ ਤਕਨੀਕੀ ਪ੍ਰਵਾਨਗੀ ਦਿੱਤੇ ਅਨੁਸਾਰ ਜੋਨ ਨੰ 3 ਦੇ ਤਖਮੀਨੇ ਦੀ ਸੋਧੀ ਰਕਮ ਕੱਢ ਲਈ ਜਾਵੇ ਤਾਂ ਉਹ ਹੇਠ ਲਿਖੇ ਅਨੁਸਾਰ ਬਣਦੀ ਹੈ:

| | |
|---|---|
| Operation , watch and ward of Tubewell through timer for one month | Rs. 1450/- per Tubewell |
| Electrical repair and Maintenance of starter panel , rewinding of sub-motor, Mehancial Repair, sub. Motor & pump set dismantling from bore due to burnt or any other electrical and mechanical fault and istalling submersible/lowering of new spec. fitting, rewinding, sub pump set motor including nut and bolt, rubber jain and repair all other items fitted of tubewell as per analysis | Rs. 2261/- (ਭੇਜੇ ਹੋਏ ਤਖਮੀਨੇ ਦੀ ਰਕਮ ਰੁ:3260/- ਵਿਰੁੱਧ) |
| Total | Rs. 1450+Rs.2261 = Rs. 3711 |
| Add 18% GST | Rs. 667.98+Rs.3711 = Rs. 4379 |
| Cost ( total no. of t/w for 24 months) | Rs. 4379X90X24 = Rs. 9458640/- |

ਉਪਰੋਕਤ ਤਥਾਂ ਮੁੱਖ ਰੱਖਦੇ ਹੋਏ ਉਕੱਤ ਸਬੰਧੀ ਡੀਟੇਲ ਦਾ ਸਪਸ਼ਟੀਕਰਨ ਦੇਣ ਦੀ ਖੇਚਲ ਕੀਤੀ ਜਾਵੇ।

ਓ ਐਂਡ ਐਮ ਸੈਲ ਵਲੋਂ ਹੇਠ ਅਨੁਸਾਰ ਜਵਾਬ ਦਿੱਤਾ ਗਿਆ:

ਉਪਰੋਕਤ ਵਿਸ਼ਾ ਅੰਕਿਤ ਪ੍ਰਵਾਨਗੀ ਲਈ ਭੇਜੇ ਗਏ ਟੈਂਡਰਾ ਸਬੰਧੀ ਮਾਨਯੋਗ ਮੇਅਰ ਸਾਹਿਬ ਵਲੋਂ ਜੋ Observations ਲਗਾਈਆਂ ਗਈਆਂ ਹਨ, ਉਨ੍ਹਾਂ ਸਬੰਧੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ ਜੀ:-

1. ਲੇਬਰ ਰੇਟ ਸਬੰਧੀ ਦਸਿਆ ਜਾਂਦਾ ਹੈ ਕਿ ਤਖਮੀਨੇ ਵਿੱਚ ਲਏ ਗਏ ਰੇਟ ਉਸ ਸਮੇਂ ਲੇਬਰ ਵਿਭਾਗ ਵਲੋਂ ਨਿਰਧਾਰਤ ਕੀਤੇ ਰੇਟਾਂ ਨੂੰ ਆਧਾਰ ਬਣਾ ਕੇ ਤਖਮੀਨਾ ਤਿਆਰ ਕੀਤਾ ਗਿਆ ਸੀ। ਜਦੋਂ ਵੀ ਇਹ ਕੰਮ ਅਲਾਟ ਕੀਤਾ ਜਾਵੇਗਾ, ਲੇਬਰ ਵਿਭਾਗ ਵਲੋਂ ਉਸ ਸਮੇਂ ਦੇ ਨਿਰਧਾਰਤ ਘਟੋ-ਘੱਟ ਉਜਰਤਾ ਅਨੁਸਾਰ ਹੀ ਅਦਾਇਗੀ ਕਰਨੀ ਬਣਦੀ ਹੈ।

2. ਜੋਨ ਨੰਬਰ 4 :- ਨਗਰ ਨਿਗਮ ਦੇ ਹਾਊਸ ਦੇ ਮਤਾ ਨੰਬਰ 129 ਮਿਤੀ 28-10-2021 ਰਾਹੀਂ ਪ੍ਰਵਾਨਗੀ ਲਈ ਜੋ ਤਖਮੀਨਾ ਪੇਸ਼ ਕੀਤਾ ਗਿਆ ਸੀ, ਉਹ ਤਖਮੀਨਾ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਵਲੋਂ ਤਕਨੀਕੀ ਪ੍ਰਵਾਨਗੀ ਲੈਣ ਉਪਰੰਤ ਪੇਸ਼ ਕੀਤਾ ਗਿਆ ਸੀ। ਇਥੇ ਇਹ ਦਸਿਆ ਜਾਂਦਾ ਹੈ ਕਿ ਇਸ ਤਖਮੀਨੇ ਵਿੱਚ 118 ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਉਪਬੰਧ ਸੀ, ਜਿਸ ਵਿੱਚ ਅਗਲੇ ਦੋ ਸਾਲਾਂ ਵਿੱਚ ਲਗਾਏ ਜਾਣੇ ਵਾਲੇ 10 Proposed ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦੀ ਲਾਗਤ ਵੀ ਸ਼ਾਮਿਲ ਸੀ। ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਦਫਤਰ ਵਲੋਂ ਦਿੱਤੀਆਂ ਗਈਆਂ ਜੁਬਾਨੀ ਹਦਾਇਤਾਂ ਅਨੁਸਾਰ Proposed ਟਿਊਬਵੈਲਾਂ ਦੀ ਪ੍ਰੋਵੀਜਨ ਹਟਾਉਣ ਉਪਰੰਤ ਇਸ ਕੰਮ ਦਾ ਰਿਵਾਈਜਡ ਤਖਮੀਨਾ 108 ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਉਪਬੰਧ ਕਰਦੇ ਹੋਏ ਰੁਪਏ 1,38,97,175/- ਦਾ ਤਕਨੀਕੀ ਪ੍ਰਵਾਨਗੀ ਵਾਸਤੇ ਭੇਜਿਆ ਗਿਆ ਸੀ। ਇਸ ਲਈ ਜੋ ਇਸ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਵਲੋਂ ਦਿੱਤੀ ਗਈ ਹੈ, ਉਹ 108 ਟਿਊਬਵੈਲਾਂ ਦੀ ਹੈ। ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਜਦੋਂ ਇਹ ਤਖਮੀਨੇ ਨਗਰ ਨਿਗਮ ਦੇ ਹਾਊਸ ਦੀ ਪ੍ਰਵਾਨਗੀ ਲਈ ਮਿਤੀ 19-08-2021 ਨੂੰ ਭੇਜੇ ਗਏ ਸਨ, ਉਸ ਸਮੇਂ ਕਲੈਰੀਕਲ ਗੱਲਤੀ ਕਾਰਨ ਪਹਿਲਾ ਤਿਆਰ ਕੀਤੇ ਗਏ ਤਖਮੀਨਿਆਂ ਦੇ ਵਿਸ਼ੇ ਲਿਖ ਦਿਤੇ ਗਏ, ਜਿਸ ਕਾਰਨ ਵੱਖ-ਵੱਖ ਜ਼ੋਨਾਂ ਦੇ ਟਿਊਬਵੈਲਾਂ ਦੀ ਗਿਣਤੀ ਵਿੱਚ ਫਰਕ ਆ ਗਿਆ ਸੀ ਪਰ ਇਨ੍ਹਾਂ ਕੰਮਾਂ ਦੀ ਅਲਾਟਮੇਂਟ ਮੁੱਖ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਜੀ ਵਲੋਂ ਪ੍ਰਵਾਨ ਕੀਤੇ ਗਏ ਤਖਮੀਨਿਆਂ ਅਨੁਸਾਰ ਹੀ ਕੀਤੀ ਜਾਵੇਗੀ।

(A) Semi Skilled Labour ਦਾ ਇੰਦਰਾਜ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਦਫਤਰ ਵਲੋਂ ਮਿਲੀਆਂ ਜੁਬਾਨੀ ਹਦਾਇਤਾਂ ਦੀ ਪਾਲਣਾ ਵਿੱਚ ਰਿਵਾਈਜਡ ਤਖਮੀਨਾਂ ਤਿਆਰ ਕਰਨ ਸਮੇਂ ਸੋਧਿਆ ਗਿਆ ਸੀ, ਜਿਸ ਦੀ ਪ੍ਰਵਾਨਗੀ ਮੁੱਖ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਵਲੋਂ ਪੱਤਰ ਨੰਬਰ 31355 ਮਿਤੀ 04-08-2021 ਰਾਹੀਂ ਦਿੱਤੀ ਗਈ ਸੀ।

(B) ਇਸ ਦਫਤਰ ਦੇ ਪੱਤਰ ਨੰਬਰ 47/CE/WS/G ਮਿਤੀ 28-05-2021 ਰਾਹੀਂ ਜੋ ਤਖਮੀਨੇ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਭੇਜੇ ਗਏ ਸਨ, ਉਨਾਂ ਵਿੱਚ 118 ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਸੀ। ਇਸ ਉਪਰੰਤ ਮੁੱਖ ਇੰਜੀਨੀਅਰ ਜੀ ਦੇ ਦਫਤਰ ਵਲੋਂ ਮਿਲੀਆਂ ਜੁਬਾਨੀ ਹਦਾਇਤਾਂ ਦੀ ਪਾਲਣਾ ਵਿੱਚ ਇਸ ਕੰਮ ਦਾ ਰਿਵਾਈਜਡ ਤਖਮੀਨਾ ਤਿਆਰ ਕੀਤਾ ਗਿਆ ਸੀ, ਜਿਸ ਵਿੱਚ 10 ਨਵੇਂ ਟਿਊਬਵੈਲਾਂ ਦੀ Provision ਨੂੰ ਹਟਾ ਕੇ 108 ਟਿਊਬਵੈਲਾਂ ਵਾਸਤੇ ਇਸ ਦਫਤਰ ਦੇ ਪੱਤਰ ਨੰਬਰ 67/CE/WS/G ਮਿਤੀ 30-06-2021 ਨੂੰ ਰੀਵਾਇਜ ਤਖਮੀਨਾ ਤਕਨੀਕੀ ਪ੍ਰਵਾਨਗੀ ਵਾਸਤੇ ਭੇਜਿਆ ਗਿਆ ਸੀ, ਜਿਸ ਦੀ ਪ੍ਰਵਾਨਗੀ ਮੁੱਖ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਵਲੋਂ ਪੱਤਰ ਨੰਬਰ 31355 ਮਿਤੀ 04-08-2021 ਰਾਹੀਂ ਦਿੱਤੀ ਗਈ ਸੀ।

3. ਜ਼ੋਨ ਨੰਬਰ 3:- ਇਹ ਦਸਿਆ ਜਾਂਦਾ ਹੈ ਕਿ ਪੱਤਰ ਨੰਬਰ 47/CE/WS/G ਮਿਤੀ 28-05-2021 ਰਾਹੀਂ ਜੋ ਤਖਮੀਨਾ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਤਕਨੀਕੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ, ਉਸ ਵਿੱਚ 90 ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਉਪਬੰਧ ਸੀ। ਇਸ ਤਖਮੀਨੇ ਵਿੱਚ ਕੋਈ ਵੀ Proposed ਟਿਊਬਵੈਲ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਉਪਬੰਧ ਨਹੀਂ ਕੀਤਾ ਗਿਆ ਸੀ। ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਦੇ ਦਫਤਰ ਵਲੋਂ ਮਿਲੀਆਂ ਜੁਬਾਨੀ ਹਦਾਇਤਾਂ ਅਨੁਸਾਰ ਜਦੋਂ ਇਹ ਤਖਮੀਨਾ ਦੁਬਾਰਾ ਤਿਆਰ ਕੀਤਾ ਗਿਆ ਤਾਂ ਉਸ ਸਮੇਂ ਤੱਕ ਜ਼ੋਨ ਨੰਬਰ 3 ਵਿੱਚ 4 ਨਵੇਂ ਟਿਊਬਵੈਲ ਲਗ ਚੁੱਕੇ ਸਨ, ਇਸ ਲਈ ਇਸ ਜ਼ੋਨ ਦਾ 94 ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦੀ ਲਾਗਤ ਦਾ ਉਪਬੰਧ ਕਰਦੇ ਹੋਏ ਮੁੱਖ ਇੰਜੀਨੀਅਰ ਦਫਤਰ ਵਲੋਂ ਦਿੱਤੀਆਂ ਜੁਬਾਨੀ ਹਦਾਇਤਾਂ ਅਨੁਸਾਰ ਰੀਵਾਇਜਡ ਤਖਮੀਨਾ ਤਿਆਰ ਕਰਨ ਉਪਰੰਤ ਪ੍ਰਵਾਨਗੀ ਲਈ ਭੇਜਿਆ ਗਿਆ।

ਇਸ ਸਬੰਧੀ ਮਾਨਯੋਗ ਮੇਅਰ ਸਾਹਿਬ ਵਲੋਂ ਲਗਾਏ ਗਏ ਪ੍ਰੇਖਣ ਵਿੱਚ ਦਰਸ਼ਾਏ ਟੇਬਲ ਦੀ ਰੀਵਾਇਜਡ ਤਖਮੀਨੇ ਅਨੁਸਾਰ Calculation ਹੇਠ ਲਿਖੇ ਅਨੁਸਾਰ ਹੈ:-

| **Description** | **Observations by Mayor office** | **Calculation as per revised Estimate** |
|---|---|---|
| Operation, Watch and Ward of Tubewell through Timer for one month | Rs. 1450/- per Tubewell | Rs. 4902690.24 for 18 nos. labour for 24 months (i.e. Rs. 2173 per tubewell per month) |
| Electrical repair and Maintenance of Starter Panel, Rewinding of Sub motor, Mech. Repair, Sub. Motor & Pump set | Rs. 2261/- (ਭੇਜੇ ਹੋਏ ਤਖਮੀਨੇ ਦੀ ਰਕਮ ਰੁਪਏ 3260/- ਵਿਰੁੱਧ) | Rs. 5100816.00 for 94 nos. tubewell as per O&M norms 2013 (i.e. Rs. 2261 per tubewell per |

| | | |
|---|---|---|
| dismantling from bore due to burnt or any other electrical and mechanical fault and installing Submersible/ lowering of new spec. fitting, rewinding, sub pump set motor inc. nut and bolt, rubber jain and repair all other items fitted of tubewell as per analysis | | month) |
| Total | Rs. 1450+ Rs. 2261 = Rs. 3711 | Rs. 10003506.24 (i.e. Rs. 2173+ 2261 = 4434) |
| Add 18% GST | Rs. 667.98+ Rs. 3711 = Rs. 4379 | Rs. 1800631.12 (i.e. Rs. 798.12+4434 = 5232.12) |
| Cost (Total no. of T/Well for 24 months. | Rs. 4379X90X24 = Rs. 9458640/- | Rs. 11804137 (for 94 nos. tubewell for 24 months.) |

4. ਜੋਨ ਨੰਬਰ 2 :- ਨਗਰ ਨਿਗਮ ਹਾਊਸ ਦੇ ਮਤਾ ਨੰਬਰ 129 ਮਿਤੀ 28-10-2021 ਰਾਹੀਂ ਪ੍ਰਵਾਨਗੀ ਲਈ ਜੋ ਤਖਮੀਨਾ ਪੇਸ਼ ਕੀਤਾ ਗਿਆ ਸੀ, ਉਹ ਤਖਮੀਨਾ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਵਲੋਂ ਤਕਨੀਕੀ ਪ੍ਰਵਾਨਗੀ ਲੈਣ ਉਪਰੰਤ ਪੇਸ਼ ਕੀਤਾ ਗਿਆ ਸੀ। ਇਥੇ ਇਹ ਦਸਿਆ ਜਾਂਦਾ ਹੈ ਕਿ ਇਸ ਤਖਮੀਨੇ ਵਿੱਚ 79 ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਉਪਬੰਧ ਸੀ, ਜਿਸ ਦਾ ਤਖਮੀਨਾ ਰੁਪਏ 1,05,36,072/- ਤਿਆਰ ਕੀਤਾ ਗਿਆ ਸੀ, ਜਿਸ ਵਿੱਚ ਅਗਲੇ ਦੋ ਸਾਲਾਂ ਵਿੱਚ ਲਗਾਏ ਜਾਣੇ ਵਾਲੇ 5 Proposed ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦੀ ਲਾਗਤ ਵੀ ਸ਼ਾਮਿਲ ਸੀ। ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਦਫਤਰ ਵਲੋਂ ਦਿੱਤੇ ਗਏ ਜੁਬਾਨੀ ਹਦਾਇਤਾਂ ਅਨੁਸਾਰ Proposed ਟਿਊਬਵੈਲਾਂ ਦੀ ਪ੍ਰੋਵੀਜਨ ਹਟਾਉਣ ਉਪਰੰਤ ਇਹ ਤਖਮੀਨਾ 74 ਟਿਊਬਵੈਲਾਂ ਵਾਸਤੇ ਰੁਪਏ 96,47,294/- ਦਾ ਰਿਵਾਈਜਡ ਐਸਟੀਮੇਟ ਇਸ ਦਫਤਰ ਦੇ ਪੱਤਰ ਨੰਬਰ 67/CE/WS/G ਮਿਤੀ 30-06-2021 ਰਾਹੀਂ ਤਕਨੀਕੀ ਪ੍ਰਵਾਨਗੀ ਵਾਸਤੇ ਭੇਜਿਆ ਗਿਆ ਸੀ।

ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਪਹਿਲਾ ਅਲਾਟ ਕੀਤੇ ਗਏ ਕੰਮ ਵਿੱਚ ਪਹਿਲਾ ਹੀ ਵਾਧਾ ਕਰ ਦਿੱਤਾ ਗਿਆ ਹੈ, ਜਿਸ ਨਾਲ ਪੁਰਾਣੇ ਅਲਾਟ ਕੀਤੇ ਗਏ ਕੰਮ ਤੋਂ 13 ਮਹੀਨੇ ਵੱਧ ਕੰਮ ਲੈ ਲੀਤਾ ਗਿਆ ਹੈ ਜੋ ਕਿ ਮਿਤੀ 07-08-2022 ਨੂੰ ਖਤਮ ਹੋ ਰਿਹਾ ਹੈ, ਜਿਸ ਉਪਰੰਤ ਨਗਰ ਨਿਗਮ ਦੇ ਕੋਲ ਟਿਊਬਵੈਲਾਂ ਦੀ ਓਪਰੇਸ਼ਨ ਮੇਨਟੀਨੈਂਸ ਕਰਨ ਲਈ ਹੋਰ ਕੋਈ ਵੀ ਪ੍ਰੋਵੀਜਨ ਜਾਂ ਲੇਬਰ ਉਪਬਲੱਧ ਨਹੀਂ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਟੈਂਡਰ ਕੇਸ ਨੂੰ ਜਲਦ ਤੋਂ ਜਲਦ ਵਾਚਿਆ ਜਾਵੇ ਤਾਂ ਜੋ ਅਗਲੇ ਕੰਮ ਜਲਦ ਤੋਂ ਜਲਦ ਅਲਾਟ ਕੀਤੇ ਜਾ ਸਕਣ ਅਤੇ ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਸ ਨਿਰਵਿਘਣ ਕੀਤੀ ਜਾ ਸਕੇ। ਕਮਿਸ਼ਨਰ ਜੀ ਨੇ ਮਿਤੀ 4.8.2022 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 5.8.2022 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹਨ ।

ਮਤਾ ਨੰਬਰ:-301

ਵਿਸ਼ਾ:- ਓਪਰੇਸ਼ਨ, ਮੇਨਟੀਨੈਂਸ ਐਂਡ ਇਲੈਕਟ੍ਰਿਕਲ ਰਿਪੇਅਰ ਆਫ 56 ਨੰਬਰ ਟਿਊਬਵੈਲਜ ਵਿਦ ਟਾਇਮ ਸਵਿਚ ਇਨ ਜ਼ੋਨ ਨੰਬਰ 7 ਇੰਡਸਟਰੀਅਲ ਅਸਟੇਟ ਫਾਰ 2 ਯੀਅਰ ਸਬੰਧੀ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਪ੍ਰਵਾਨਗੀ ਬਾਰੇ। ਟੈਂਡਰ ਪ੍ਰਵਾਨਗੀ ਹਿੱਤ।

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 73,47,445/- ਦਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ, ਜਿਸ ਨੂੰ ਮੇਅਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 04-04-2022 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ ਗਿਆ ਸੀ। ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਰਾਹੀਂ ਮਿਤੀ 02-05-2022 ਲਈ ਮੰਗੇ ਗਏ ਤੇ ਕੁੱਲ ਤਿੰਨ ਟੈਂਡਰ ਪ੍ਰਾਪਤ ਹੋਏ ਜ਼ੋ ਕਿ ਤਕਨੀਕੀ ਮਿਆਰ ਪਖੋਂ ਪੂਰੇ ਪਾਏ ਗਏ। ਇਸ ਲਈ ਇਨ੍ਹਾ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਤੇ ਘੱਟ ਰੇਟ ਦਾ ਟੈਂਡਰ M/s Ajay Engg. Co. ਦਾ ਪ੍ਰਾਪਤ ਹੋਇਆ, ਜਿਸ ਨੇ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 73.47 ਲੱਖ ਦੇ ਵਿਰੁੱਧ ਰੁਪਏ 65.09 ਲੱਖ ਵਿੱਚ ਕਰਨਾ ਹੈ।

ਕਿਉਂ ਜੋ ਸਥਾਨਕ ਸਰਕਾਰ, ਪੰਜਾਬ ਦੀਆਂ SOP ਦੀਆਂ ਸ਼ਰਤਾਂ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਦਿੱਤੀ ਜਾਂਦੀ ਹੈ, ਇਸ ਲਈ ਉਪਰਕੋਤ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਵਿੱਤੀ ਪ੍ਰਵਾਨਗੀ ਲਈ ਇਸ ਦਫਤਰ ਦੇ ਪੱਤਰ ਨੰਬਰ 40/CE/WS/G ਮਿਤੀ 10-05-2022 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਲਿਖਿਆ ਗਿਆ ਸੀ। ਹੁਣ ਚੀਫ ਇੰਜੀਨੀਅਰ ਜੀ ਵਲੋਂ ਆਪਣੇ ਪੱਤਰ ਨੰਬਰ ਸੀ.ਈ-2022/23504 ਮਿਤੀ 06-07-2022 ਰਾਹੀਂ ਇਸ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਵਿੱਤੀ ਪ੍ਰਵਾਨਗੀ ਦਿੱਤੀ ਗਈ ਹੈ। ਕਿਉਂ ਜ਼ੋ ਇਸ ਟੈਂਡਰ ਦੀ ਅੰਤਿਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਿਚੋਂ ਲੋੜੀਂਦੀ ਹੈ, ਇਸ ਲਈ ਕੇਸ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਵਲੋਂ ਆਪਣੇ ਦਫ਼ਤਰੀ ਪੱਤਰ **ਦੀ ਲਗਾਤਾਰਤਾ ਵਿੱਚ ਲਿਖਿਆ ਹੈ ਕਿ:**

1. ਉਕੱਤ ਵਿਸ਼ੇ ਸਬੰਧੀ ਦੱਸਿਆ ਜਾਵੇ ਕਿ ਮੁੱਖ ਇੰਜੀਨੀਅਰ ਵੱਲੋਂ ਜੋ ਤਕਨੀਕੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਉਸ ਵਿੱਚ ਜੇਕਰ Administrative Approval ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਜਿਵੇਂ ਕਿ ਆਟੋ ਟਾਇਮਰ ਦੀ ਥਾਂ ਤੇ Semi Skilled Labour ਦਾ ਉਪਬੰਧ ਕਰਨਾ ਆਦਿ ਬਾਰੇ ਨਗਰ ਨਿਗਮ ਤੋਂ ਦੁਬਾਰਾ Administrative Approval ਲੈਣ ਦੀ ਜਰੂਰਤ ਹੈ ਜਾਂ ਨਹੀਂ, ਜੇ ਹੈ ਤਾਂ ਪਹਿਲਾਂ ਉਸ ਸਬੰਧੀ ਨੋਟ ਪੇਸ਼ ਕੀਤਾ ਜਾਵੇ ਅਤੇ ਜੇਕਰ ਨਹੀਂ ਤਾਂ ਉਸ ਸਬੰਧੀ ਸਥਿਤੀ ਸਪੱਸ਼ਟ ਕੀਤੀ ਜਾਵੇ।
2 ਪਿਛਲੇ 8 ਸਾਲਾਂ ਤੋਂ ਜੋ ਤਖਮੀਨੇ ਬਨਾਉਣ ਲਈ ਵਿੱਧੀ ਅਪਣਾਈ ਜਾਂਦੀ ਸੀ ਉਸ ਨੂੰ ਇਸ ਵਾਰੀ ਕਿਉਂ ਖਤਮ ਕੀਤਾ ਗਿਆ ਸੀ ਬਾਰੇ ਸਪੱਸ਼ਟ ਕੀਤਾ ਜਾਵੇ ਅਤੇ ਇਹ ਵੀ ਦੱਸਿਆ ਜਾਵੇ ਕਿ Semi Skilled Labour ਦੀ ਵੱਖਰੀ ਮੱਦ ਲੈਣ ਨਾਲ ਨਗਰ ਨਿਗਮ ਨੂੰ ਕਿ ਵਿੱਤੀ ਫਾਇਦਾ ਜਾਂ ਨੁਕਸਾਨ ਹੋਵੇਗਾ। ਜੇਕਰ Semi Skilled Labour ਦੀ ਥਾਂ ਤੇ maintenance ਵਿੱਚ ਹੀ ਖਰਚੇ ਦਾ ਉਪਬੰਧ ਕੀਤਾ ਜਾਂਦਾ ਹੈ ਤਾਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਉਸ ਨਾਲ ਨਗਰ ਨਿਗਮ ਨੂੰ ਕਾਫੀ ਵਿੱਤੀ ਫਾਇਦਾ ਹੋਵੇਗਾ। ਇਸ ਤੇ ਤੁਰੰਤ ਰਿਪੋਰਟ ਕੀਤੀ ਜਾਵੇ ਤਾਂ ਜੋ ਸਬੰਧਤ ਮਿਸਲਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਿਆ ਜਾ ਸਕੇ।

**ਓ ਐਂਡ ਐਮ ਸੈਲ ਵਲੋਂ ਹੇਠ ਅਨੁਸਾਰ ਜਵਾਬ ਦਿੱਤਾ ਗਿਆ:**

1. ਇਸ ਵਿਸ਼ੇ ਅਧੀਨ ਇਹ ਦਸਿਆ ਜਾਂਦਾ ਹੈ ਕਿ ਨਗਰ ਨਿਗਮ ਦੇ ਹਾਊਸ ਵਲੋਂ ਜ਼ੋ ਮਤਾ ਪਾਸ ਕੀਤਾ ਗਿਆ ਹੈ, ਉਸ ਵਿੱਚ ਕੋਈ ਵੀ ਤਬਦੀਲੀ ਨਹੀਂ ਲਿਆਈ ਗਈ ਹੈ ਅਤੇ ਜ਼ੋ ਐਸਟੀਮੇਟ ਬਣਾਏ ਗਏ ਸਨ, ਉਹ ਹੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 51(51) ਮਿਤੀ 08-06-2022 ਰਾਹੀਂ ਪਾਸ ਕੀਤੇ ਗਏ ਹਨ।
2. ਇਸ ਵਿਸ਼ੇ ਅਧੀਨ ਇਹ ਦਸਿਆ ਜਾਂਦਾ ਹੈ ਕਿ ਪਿਛਲੇ 8 ਸਾਲਾਂ ਤੋਂ ਤਖਮੀਨਾ ਬਣਾਉਣ ਦੀ ਜ਼ੋ ਵਿਧੀ ਅਪਣਾਈ ਜਾਂਦੀ ਸੀ, ਉਸ ਨੂੰ ਇਸ ਬਾਰ ਵੀ ਅਪਣਾਇਆ ਗਿਆ ਸੀ ਅਤੇ ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਐਸਟੀਮੇਟ 2 ਸਾਲਾਂ ਵਾਸਤੇ ਬਣਾਇਆ ਗਿਆ ਸੀ, ਪਰੰਤੂ ਇਨ੍ਹਾਂ ਤਖਮੀਨਿਆਂ ਦੀ ਰਕਮ ਰੁਪਏ 1.00 ਕਰੋੜ ਤੋਂ ਵੱਧ ਹੋਣ ਕਾਰਨ ਐਸ.ਓ.ਪੀ ਦੀਆਂ ਸ਼ਰਤਾਂ ਅਨੁਸਾਰ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਵੈਟਿੰਗ ਵਾਸਤੇ ਭੇਜਿਆ ਗਿਆ ਸੀ। ਜਿਸ ਉਪਰੰਤ ਉਨ੍ਹਾਂ ਦੇ ਦਫਤਰ ਵਲੋਂ ਜ਼ੁਬਾਨੀ ਹੁਕਮ ਹੋਏ ਸਨ ਕਿ ਉਨ੍ਹਾਂ ਦੇ ਦਫਤਰ ਜ਼ੋ ਐਸਟੀਮੇਟ ਵੈਟਿੰਗ ਵਾਸਤੇ ਭੇਜੇ ਗਏ ਸਨ, ਉਹ ਐਸਟੀਮੇਟ ਲੇਬਰ ਲਾ ਅਤੇ ਓ.ਐਂਡ.ਐਮ ਨਾਰਮਜ 2014 ਦੀ ਪਾਲਣਾ ਨਹੀਂ ਕਰਦੇ ਹਨ। ਇਸ ਲਈ ਇਨ੍ਹਾਂ ਤਖਮੀਨਿਆਂ ਨੂੰ ਮੁੜ ਰੀਵਾਇਜਡ ਕਰਕੇ ਭੇਜਿਆ ਜਾਵੇ।
   ਇਸ ਰਿਪੋਰਟ ਦੇ ਨਾਲ <u>ਨੱਥੀ ਅਨੈਕਚਰ-ਏ</u> ਰਾਹੀਂ ਇਹ ਦੇਖਿਆ ਜਾ ਸਕਦਾ ਹੈ ਕਿ ਇਨ੍ਹਾਂ ਤਖਮੀਨਿਆਂ ਵਿੱਚ ਸੈਮੀ ਸਕਿਲਡ ਲੇਬਰ ਦਾ ਇੰਦਰਾਜ ਕਰਨ ਨਾਲ ਕੁੱਲ ਰੁਪਏ 8,51,448/- ਦਾ ਨਗਰ ਨਿਗਮ ਜਲੰਧਰ ਨੂੰ ਵਿੱਤੀ ਫਾਇਦਾ ਹੋਇਆ ਹੈ, ਜਿਸ ਵਿੱਚ ਟਿਊਬਵੈਲਾਂ ਦੀ ਓਪਰੇਸ਼ਨ ਟਾਇਮਰਾਂ ਦੇ ਨਾਲ ਹੀ ਕੀਤੀ ਜਾਵੇਗੀ ਅਤੇ ਇਲੈਕਟ੍ਰਿਕਲ ਅਤੇ ਮਕੈਨੀਕਲ ਦੀ ਰਿਪੇਅਰ ਦਾ ਕੰਮ ਜਿਸ ਵਿੱਚ ਮੋਟਰ ਬੋਰਵੈਲ ਵਿਚੋਂ ਕੱਢਣ ਅਤੇ ਪਾਉਣ ਲਈ ਵੀ ਇਸੇ ਲੇਬਰ ਦਾ ਹੀ ਇਸਤੇਮਾਲ ਕੀਤਾ ਜਾਵੇਗਾ, ਕਿਉਂ ਜੋ ਨਾਰਮਜ 2014 ਦੇ ਹਿਸਾਬ ਨਾਲ ਮੇਨਟੀਨੈਂਸ ਦੇ ਜ਼ੋ ਰੇਟ ਲਏ ਗਏ ਹਨ ਉਨ੍ਹਾਂ ਵਿੱਚ ਸਿਰਫ ਮੋਟਰ ਅਤੇ ਪੈਨਲ ਨੂੰ ਰਿਪੇਅਰ ਕਰਨ ਦਾ ਹੀ ਖਰਚਾ ਲਿਤਾ ਗਿਆ ਹੈ।

ਉਪਰੋਕਤ ਨੂੰ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਦਸਿਆ ਜਾਂਦਾ ਹੈ ਕਿ ਜ਼ੋਨ ਨੰਬਰ 7 ਦੇ ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਪਿਛਲਾ ਤਖਮੀਨਾ ਮਿਤੀ 30-06-2022 ਨੂੰ ਖਤਮ ਹੋ ਚੁੱਕਾ ਹੈ, ਇਸ ਲਈ ਇਸ ਟੈਂਡਰ ਨੂੰ ਜਲਦੀ ਤੋਂ ਜਲਦੀ ਵਾਚਿਆ ਜਾਵੇ ਤਾਂ ਜ਼ੋ ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਜਲਦੀ ਤੋਂ ਜਲਦੀ ਕੀਤੀ ਜਾ ਸਕੇ ਜੀ। ਕਮਿਸ਼ਨਰ ਜੀ ਨੇ ਮਿਤੀ 4.8.2022 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 5.8.2022 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹਨ ।

Annexure – A

## SUMMARY SHEET

| Sr No. | Zone No. | No. of Tubewells taken in 1st Estimate | Rate per tubewell taken in 1st Estimate for Operation & Maintenance (Incld GST) | Estimated Amount of 1st estimate | No. of Tubewells taken in Revised Estimate | Reason for change in no. of tubewells | Rate Calculation in Revised estimates as per O&M Norms 2013 | | | Vetted Estimated Amount | Vetted rate per tubewell per month | Difference in New & Old rates per tubewell per month | Amount saved per estimate considering per tubewell rate for 24 months |
|---|---|---|---|---|---|---|---|---|---|---|---|---|---|
| | | | | | | | Operation (1 No. labr for 5 No. Tubewells) | Maintenance (Calculated as Per O&M Norms 2013) | Total (Incld GST) | | | | |
| 1 | 2 | 79 | 5557 | 10536072 | 74 | Provision for proposed Tubewells were discarded | 15 No. for 74 tubewells, including provision for EPF and ESI | Rs. 2303 per Tubewell for 74 No. Tubewells | 9647330 | 9647294 | 5432 | 125 | 222000 |
| 2 | 3 | 90 | 5557 | 12003120 | 94 | | 18 No. for 94 tubewells, including provision for EPF and ESI | Rs. 2261 per Tubewell for 94 No. Tubewells | 11804137 | 11804094 | 5232 | 325 | 733200 |
| 3 | 4 | 118 | 5557 | 15737424 | 108 | | 21 No. for 108 tubewells, including provision for EPF and ESI | Rs. 2337 per Tubewell for 108 No. Tubewells | 13897225 | 13897175 | 5361 | 196 | 508032 |
| 4 | 6 | 82 | 5557 | 10936176 | 73 | | 15 No. for 73 tubewells, including provision for EPF and ESI | Rs. 2707 per Tubewell for 73 No. Tubewells | 10417322 | 10471286 | 5976 | -419 | -734088 |
| 5 | 7 | 56 | 5557 | 7468608 | 56 | NA | 11 No. for 56 tubewells, including provision for EPF and ESI | Rs. 2310 per Tubewell for 56 No. Tubewells | 7347445 | 7347445 | 5466 | 91 | 122304 |
| **Total Difference of Amount in New and Old Estimates considering per tubewell rate** | | | | | | | | | | | | | **851448** |

ਮਤਾ ਨੰਬਰ:-302

ਵਿਸ਼ਾ:- Hand Bore T/well at Bashirpura (Replacement) Zone No. 5 W-17 ਈ-ਟੈਂਡਰ ਪ੍ਰਵਾਨਗੀ ਹਿੱਤ।

| | | |
|---|---|---|
| ਤਖਮੀਨਾ | ਰੁਪਏ | 15,85,353/- |
| ਟੈਂਡਰ ਮੰਗੇ | ਰੁਪਏ | 15,20,353/- (ਬਿਜਲੀ ਕੁਨੈਕਸ਼ਨ ਦੇ ਰੱਖਵੇ ਰੁਪਏ 65,000) |
| ਟੈਂਡਰ ਅਮਾਉਂਟ | ਰੁਪਏ | 15,16,552/- <u>Saving 0.25%</u> |
| ਫਰਮ ਦਾ ਨਾ | M/s The G.K Co.op L/c Society. | |
| ਟੈਂਡਰ ਕਾਲ ਕੀਤੇ:- | ਪਹਿਲੀ Attempt | ਪ੍ਰਾਪਤ ਹੋਏ ਟੈਂਡਰ-3 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਅਪਣੇ ਹੁਕਮ ਮਿਤੀ 10.6.2022 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.8.2022 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਮਤਾ ਨੰਬਰ:-303

ਵਿਸ਼ਾ:- Hand Bore T/well at Bharat Nagar, Guru Nanak Pura West (Replacement) Zone No. 5 W-16 ਈ-ਟੈਂਡਰ ਪ੍ਰਵਾਨਗੀ ਹਿੱਤ।

| | | |
|---|---|---|
| ਤਖਮੀਨਾ | ਰੁਪਏ | 15,85,353/- |
| ਟੈਂਡਰ ਮੰਗੇ | ਰੁਪਏ | 15,20,353/- (ਬਿਜਲੀ ਕੁਨੈਕਸ਼ਨ ਦੇ ਰੱਖਵੇ ਰੁਪਏ 65,000) |
| ਟੈਂਡਰ ਅਮਾਉਂਟ | ਰੁਪਏ | 15,16,552/- <u>Saving 0.25%</u> |
| ਫਰਮ ਦਾ ਨਾ | M/s The G.K Co.op L/c Society. | |
| ਟੈਂਡਰ ਕਾਲ ਕੀਤੇ:- | ਪਹਿਲੀ Attempt | ਪ੍ਰਾਪਤ ਹੋਏ ਟੈਂਡਰ-3 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਅਪਣੇ ਹੁਕਮ ਮਿਤੀ 10.6.2022 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.8.2022 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਮਤਾ ਨੰਬਰ:-304

ਵਿਸ਼ਾ:- Hand Bore T/well at Central Town in Replacement of Shiv ji (Replacement) Zone No. 5 W-19 ਈ-ਟੈਂਡਰ ਪ੍ਰਵਾਨਗੀ ਹਿੱਤ।

| | | |
|---|---|---|
| ਤਖਮੀਨਾ | ਰੁਪਏ | 15,85,353/- |
| ਟੈਂਡਰ ਮੰਗੇ | ਰੁਪਏ | 15,20,353/- (ਬਿਜਲੀ ਕੁਨੈਕਸ਼ਨ ਦੇ ਰੱਖਵੇ ਰੁਪਏ 65,000) |
| ਟੈਂਡਰ ਅਮਾਉਂਟ | ਰੁਪਏ | 15,16,552/- <u>Saving 0.25%</u> |
| ਫਰਮ ਦਾ ਨਾ | M/s The G.K Co.op L/c Society. | |
| ਟੈਂਡਰ ਕਾਲ ਕੀਤੇ:- | ਪਹਿਲੀ Attempt | ਪ੍ਰਾਪਤ ਹੋਏ ਟੈਂਡਰ-3 |

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਅਪਣੇ ਹੁਕਮ ਮਿਤੀ 10.6.2022 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਲਿਖਿਆ ਹੈ ਕਿ ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.8.2022 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।